# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times | 01 ਦਸੰਬਰ 2023 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਹਿਮਾਚਲ ਵਿਖੇ ਹੋਈਆਂ ਨੈਸ਼ਨਲ ਖੇਡਾਂ ਵਿੱਚ ਬ੍ਰਿਜਪਾਲ ਸਿੰਘ ਨੇ ਮਾਰੀ ਗੋਲਡ ਮੈਡਲਾਂ ਦੀ ਹੈਟ੍ਰਿਕ

ਵਰਲਡ ਪੰਜਾਬੀ ਟਾਈਮਜ਼ ਗੁਰਬਿੰਦਰ ਸਿੰਘ ਰੋਮੀ



ਧਰਮਸ਼ਾਲਾ, 1 ਦਿਸੰਬਰ : ਐੱਸ.ਬੀ.ਕੇ.ਐੱਫ. (ਸੰਯੁਕਤ ਭਾਰਤ ਖੇਲ ਫੈਡਰੇਸ਼ਨ) ਵੱਲੋਂ ਇੱਥੇ ਕਰਵਾਈਆਂ 9ਵੀਆਂ ਓਪਨ ਨੈਸ਼ਨਲ ਖੇਡਾਂ ਵਿੱਚ ਵੱਖੋ-ਵੱਖ ਰਾਜਾਂ ਤੋਂ ਆਏ ਖਿਡਾਰੀਆਂ ਨੇ ਖੂਬ ਜੋਹਰ ਵਿਖਾਏ। ਜਿਨ੍ਹਾਂ ਵਿੱਚ ਦਿੱਲੀ ਵੱਲੋਂ 55+ ਗਰੁੱਪ ਲਈ ਖੇਡਦਿਆਂ ਬ੍ਰਿਜਪਾਲ ਸਿੰਘ ਨੇ ਸ਼ਾਟਪੁੱਟ, ਹੈਮਰ ਥ੍ਰੋਅ ਤੇ ਡਿਸਕ ਥ੍ਰੋਅ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲੇ ਸਥਾਨਾਂ ਤੇ ਰਹਿ ਕੇ ਤਿੰਨ ਗੋਲਡ ਮੈਡਲ ਆਪਣੇ ਨਾਮ ਕੀਤੇ। ਜਿਕਰਯੋਗ ਹੈ ਕਿ ਭਾਰਤੀ ਰੇਲ ਮਹਿਕਮੇ ਵਿੱਚ ਟੀ.ਟੀ.ਈ. ਵਜੋਂ ਤਾਇਨਾਤ ਬ੍ਰਿਜਪਾਲ ਸਿੰਘ ਇਸਤੋਂ ਪਹਿਲਾਂ ਵੀ ਦਰਜਣਾਂ ਹੀ ਮੈਡਲ ਜਿੱਤ ਚੁੱਕੇ ਹਨ।

## ਦੁਨੀਆਂ ਚ ਮਾਂ ਤੋਂ ਵੱਡਾ ਹੋਰ ਕੋਈ ਰੁਤਬਾ ਨਹੀਂ : ਸ਼ੌਕਤ ਅਹਿਮਦ ਪਰੇ

### ਯੁਵਕ ਮੇਲੇ ਨੌਜਵਾਨਾਂ ਦੇ ਚੰਗੇਰੇ ਭਵਿੱਖ ਲਈ ਹੁੰਦੇ ਹਨ ਸਹਾਈ ਸਿੱਧ : ਜਤਿੰਦਰ ਭੱਲਾ

### ਜ਼ਿਲ੍ਹਾ ਪ੍ਰਸ਼ਾਸਨ ਤੇ ਯੁਵਕ ਸੇਵਾਵਾਂ ਵਿਭਾਗ ਨੇ ਕਰਵਾਇਆ ਦੋ ਰੋਜ਼ਾ ਜ਼ਿਲ੍ਹਾ ਪੱਧਰੀ ਯੁਵਕ ਮੇਲਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ, 1 ਦਿਸੰਬਰ : ਦੁਨੀਆਂ ਚ ਮਾਂ ਤੋਂ ਵੱਡਾ ਹੋਰ ਕੋਈ ਵੀ ਰੁਤਬਾ ਨਹੀਂ ਹੁੰਦਾ। ਸਾਨੂੰ ਆਪਣੇ ਮਾਤਾ-ਪਿਤਾ ਦੀ ਹਮੇਸ਼ਾ ਕਦਰ ਕਰਨੀ ਚਾਹੀਦੀ ਹੈ। ਇਨ੍ਹਾਂ ਗੱਲ੍ਹਾਂ ਦਾ ਪ੍ਰਗਟਾਵਾਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਵੱਲੋਂ ਸਥਾਨਕ ਸਰਕਾਰੀ ਰਾਜਿੰਦਰਾ ਕਾਲਜ ਵਿਖੇ ਕਰਵਾਏ ਗਏ ਦੋ ਰੋਜ਼ਾ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਦੌਰਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਉਪਰੰਤ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ ਜਤਿੰਦਰ ਭੱਲਾ ਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਸ੍ਰੀ ਰਘਵੀਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾਂ ਆਪਣੇ ਮਾਤਾ-ਪਿਤਾ ਦੀ ਸੇਵਾ ਕਰਨ ਦੇ ਨਾਲ-ਨਾਲ ਸ਼ਾਮ ਦੇ ਸਮੇਂ ਚ ਥੋੜਾ ਸਮਾਂ ਆਪਣੇ ਮਾਪਿਆਂ ਨਾਲ ਜ਼ਰੂਰ ਬਿਤਾਉਣਾ ਚਾਹੀਦਾ ਹੈ। ਯੁਵਕ ਮੇਲੇ ਦੌਰਾਨ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਵਲੋਂ ਤਿਆਰ ਕੀਤੀ ਗਈ ਰੰਗੋਲੀ ਤੇ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਤਰ੍ਹਾਂ ਦੀਆਂ ਸੱਭਿਆਚਾਰ ਵੰਨਗੀਆਂ ਦੀ ਵੀ ਖੂਬ ਪ੍ਰਸ਼ੰਸਾ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਇਹ ਯੁਵਕ ਸੇਵਾਵਾਂ ਵਿਭਾਗ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਅਤੇ ਭਵਿੱਖ ਵਿੱਚ ਅਜਿਹੇ ਹੋਰ ਮੇਲੇ ਕਰਵਾਉਣ ਲਈ ਆਸ ਜਤਾਈ।

ਇਸ ਦੌਰਾਨ ਮੀਡੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੂਬਾ ਸਰਕਾਰ ਵਲੋਂ ਲੋਕ ਭਲਾਈ ਦੇ ਕਾਰਜਾਂ ਚ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਯੂਥ ਕਲੱਬਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਂਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗ਼ਰੀਬ, ਲੋੜਵੰਦ ਵਿਅਕਤੀ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਆਦਿ ਲੈਣ ਲਈ ਕਿਸੇ ਵੀ ਪ੍ਰਕਾਰ ਦੀ ਕੋਈ ਜ਼ਰੂਰਤ ਹੋਵੇ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦਾ ਹੈ।

ਇਸ ਤੋਂ ਪਹਿਲਾਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ. ਜਤਿੰਦਰ ਭੱਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਯੂਥ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਵੀ ਇਨ੍ਹਾਂ ਯੁਵਕ ਮੇਲਿਆਂ ਦਾ ਹਿੱਸਾ ਜ਼ਰੂਰ ਬਣਨ ਅਤੇ ਜ਼ਿੰਦਗੀ ਚ ਅੱਗੇ ਵਧਣ।

ਇਸ ਦੋ ਰੋਜ਼ਾ ਯੁਵਕ ਮੇਲੇ ਦੌਰਾਨ ਜ਼ਿਲ੍ਹੇ ਨਾਲ ਸਬੰਧਤ 400 ਤੋਂ ਵਧੇਰੇ 15 ਤੋਂ 35 ਸਾਲ ਦੇ ਨੌਜਵਾਨਾਂ ਵਲੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਫੁਲਕਾਰੀ, ਪੱਖੀ ਤੇ ਨਾਲੇ ਬੁਣਨਾ, ਰੰਗੋਲੀ ਬਣਾਉਣ, ਨਾ ਵਰਤੋਂਯੋਗ ਸਮਾਨ ਨੂੰ ਵਰਤੋਂਯੋਗ ਬਣਾਉਣ ਤੋਂ ਇਲਾਵਾ ਕਵੀਸ਼ਰੀ, ਲੋਕ ਗੀਤ, ਕਲੀ, ਡਿਬੇਟ, ਪੁਰਾਤਨ ਪੰਜਾਬੀ ਵਸਤਾਂ ਤੇ ਪਹਿਰਾਵੇ, ਗਿੱਧਾ ਤੇ ਭੰਗੜਾ ਦੇ ਮੁਕਾਬਲੇ ਕਰਵਾਏ ਗਏ ਜੋ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ।

ਇਸ ਮੌਕੇ ਯੁਵਕ ਮੇਲੇ ਵਿੱਚ ਜੇਤੂ ਰਹੇ ਵਿਦਿਆਰਥੀਆਂ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਅਕਤੀਆਂ ਤੇ ਪਹੁੰਚੀਆਂ ਸਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਮੈਡਮ ਜਯੋਤਸਨਾ ਤੋਂ ਇਲਾਵਾ ਸਮੂਹ ਸਟਾਫ਼ ਵਿਦਿਆਰਥੀ ਆਦਿ ਹਾਜ਼ਰ ਰਹੇ।

## ਗਾਇਕਾਂ ਰਾਧਿਕਾ ਪੋਪਲੇ ਦਾ ਵਾਰਿਸ ਭਗਤ ਸਰਾਭੇ ਦੇ ਗੀਤ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਪੱਤਰ ਪ੍ਰੇਰਕ





ਜਪਾਨ 1 ਦਸੰਬਰ : ਪੰਜਾਬ ਦੇ ਨਾਮਵਰ ਗੀਤਕਾਰ ਰੁਪਿੰਦਰ ਜੋਧਾਂ ਜਪਾਨ ਦਾ ਲਿਖਿਆ ਤੇ ਗਾਇਕਾਂ ਰਾਧਿਕਾ ਪੋਪਲੇ ਦਾ ਗਾਇਆ ਗੀਤ ਵਾਰਿਸ ਭਗਤ ਸਰਾਭੇ ਦੇ ਰਿਲੀਜ਼ ਕੀਤਾ ਗਿਆ। ਪੱਤਰਕਾਰ ਜਗਦੇਵ ਗਰੇਵਾਲ ਨੇ ਦੱਸਿਆ ਕਿ ਪ੍ਰਸਿੱਧ ਕੈਸਿਟ ਕੰਪਨੀ ਜੋਧਾ ਰਿਕਾਰਡਜ਼ ਵਿੱਚ ਰਿਲੀਜ਼ ਹੋਏ ਗੀਤ ਵਾਰਿਸ ਭਗਤ ਸਰਾਭੇ ਦੇ ਨੂੰ ਚਰਚਿਤ ਗੀਤਕਾਰ ਰੁਪਿੰਦਰ ਜੋਧਾਂ ਜਪਾਨ ਨੇ ਲਿਖਿਆ ਅਤੇ ਗਾਇਕਾਂ ਰਾਧਿਕਾ ਪੋਪਲੇ ਨੇ ਬਾਖੂਬੀ ਗਾਇਆ ਅਤੇ ਨਿਭਾਇਆ ਹੈ ਜਦਕਿ ਇਸ ਗੀਤ ਦਾ ਮਿਊਜ਼ਿਕ ਅਤੇ ਵੀਡੀਓ ਫ਼ਿਲਮਾਂਕਣ ਅਵਤਾਰ ਧੀਮਾਨ ਨੇ ਤਿਆਰ ਕੀਤਾ ਹੈ। ਅੰਤਰਰਾਸ਼ਟਰੀ ਇਨਕਲਾਬੀ ਮੰਚ ਦੇ ਵਿਸ਼ੇਸ਼ ਸਹਿਯੋਗ ਨਾਲ ਰਿਲੀਜ਼ ਹੋਏ ਗੀਤ ਵਾਰਿਸ ਭਗਤ ਸਰਾਭੇ ਦੇ ਬਾਰੇ ਗੱਲਬਾਤ ਕਰਦਿਆਂ ਕੰਪਨੀ ਪ੍ਰਡਿਊਸਰ ਰੁਪਿੰਦਰ ਜੋਧਾਂ ਜਪਾਨ ਨੇ ਦੱਸਿਆ ਕਿ ਵਾਰਿਸ ਭਗਤ ਸਰਾਭੇ ਦੇ ਗੀਤ ਵਿੱਚ ਦੇਸ਼ ਦੀ ਜੰਗੇ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਸੂਰਮਿਆਂ ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ,ਰਾਜਗੁਰੂ ਅਤੇ ਸੁਖਦੇਵ ਵਰਗੇ ਇਨਕਲਾਬੀ ਯੋਧਿਆਂ ਦੀ ਗੱਲ ਕੀਤੀ ਗਈ ਹੈ ਕਿ ਅੱਜ ਫਿਰ ਤੋਂ ਸ਼ਹੀਦਾਂ ਦੀ ਸੋਚ ਤੇ ਵਿਚਾਰਧਾਰਾ ਵਾਲੇ ਵਾਰਿਸਾ ਦੀ ਬਹੁਤ ਲੋੜ ਹੈ ਕਿਉਂਕਿ ਸ਼ਹੀਦਾਂ ਦੇ ਸੁਪਨਿਆਂ ਵਾਲੀ ਬਰਾਬਰਤਾ ਦਾ ਸਮਾਜ ਸਿਰਜਣ ਵਾਲੀ ਆਜ਼ਾਦੀ ਅਜੇ ਤੱਕ ਨਹੀਂ ਆਈ। ਉਨ੍ਹਾਂ ਕਿਹਾ ਕਿ ਸਾਡੇ ਮਹਾਨ ਸ਼ਹੀਦਾਂ ਨੇ ਆਪਣੇ ਬਲੀਦਾਨ ਦੇ ਕੇ ਭਾਵੇਂ ਫਰੰਗੀ ਹਕੂਮਤ ਤੋਂ ਦੇਸ਼ ਆਜ਼ਾਦ ਕਰਵਾ ਲਿਆ ਸੀ ਪਰ ਅਜੋਕੇ ਹਾਕਮਾਂ ਦੀਆਂ ਨੀਤੀਆਂ ਤੇ ਸੋਚ ਵੀ ਫਰੰਗੀ ਹਕੂਮਤ ਵਾਲੀ ਹੀ ਹੈ ਕਿਉਂਕਿ ਅੱਜ ਵੀ ਕਿਸਾਨ, ਮਜ਼ਦੂਰ ਦਿਨੋਂ ਦਿਨ ਗਰੀਬ ਅਤੇ ਦੇਸ਼ ਦੇ ਹਾਕਮ ਤੇ ਵੱਡੇ ਸਰਮਾਏਦਾਰ ਦਿਨੋਂ ਦਿਨ ਹੋਰ ਤੋਂ ਹੋਰ ਅਮੀਰ ਹੁੰਦੇ ਜਾ ਰਹੇ ਹਨ। ਇਸ ਲਈ ਅਜੋਕੇ ਭ੍ਰਿਸ਼ਟ ਤੇ ਜ਼ਾਲਮ ਹਾਕਮਾ ਤੋਂ ਦੇਸ਼ ਵਾਸੀਆਂ ਦਾ ਖਹਿੜਾ ਛੁਡਾਉਣ ਲਈ ਨੌਜਵਾਨ ਵਰਗ ਨੂੰ ਸ਼ਹੀਦ ਸੂਰਮਿਆਂ ਦੇ ਵਾਰਿਸ ਬਣਨਾ ਪਵੇਗਾ। ਰੁਪਿੰਦਰ ਜੋਧਾਂ ਜਪਾਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਪੱਗ ਅਤੇ ਨਾਹਰੇ ਦੇ ਕੇ ਸੱਤਾ ਵਿੱਚ ਆਏ ਮੌਜੂਦਾ ਹਾਕਮਾਂ ਦੀਆਂ ਨੀਤੀਆਂ ਵੀ ਫਿਰੰਗੀ ਹਕੂਮਤ ਵਾਲੀਆਂ ਹੀ ਹਨ। ਕਿਉਂਕਿ ਇਨ੍ਹਾਂ ਦੇ ਰਾਜ ਵਿੱਚ ਰੋਜ਼ਗਾਰ ਮੰਗਦੇ ਨੌਜਵਾਨ ਮੁੰਡੇ ਕੁੜੀਆਂ ਨੂੰ ਡਾਂਗਾਂ ਨਾਲ ਕੁੱਟਿਆ ਜਾ ਰਿਹਾ ਹੈ। ਜਦ ਕਿ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀ ਬਰਾਬਰਤਾ ਦਾ ਸਮਾਜ ਸਿਰਜਨ ਦੇ ਹਾਮੀ ਸਨ।

## "ਜਲ ਜੀਵਨ ਮਿਸ਼ਨ ਤਹਿਤ" ਜ਼ਿਲ੍ਹੇ ਅੰਦਰ ਕੀਤੇ ਜਾ ਰਹੇ ਹਨ ਵਿਸ਼ੇਸ਼ ਉਪਰਾਲੇ : ਸ਼ੌਕਤ ਅਹਿਮਦ ਪਰੇ

### ਕੇਂਦਰੀ 2 ਮੈਂਬਰੀ ਟੀਮ ਨੇ ਜਲ ਸਪਲਾਈ ਵਿਭਾਗ ਵਲੋਂ ਕੀਤੇ ਜਾ ਰਹੇ ਕਾਰਜਾਂ ਤੇ ਪ੍ਰਗਟਾਈ ਤਸੱਲੀ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 1 ਦਸੰਬਰ : "ਜਲ ਜੀਵਨ ਮਿਸ਼ਨ ਤਹਿਤ" ਜ਼ਿਲ੍ਹੇ ਅੰਦਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਹਰ ਸੰਭਵ ਯਤਨ ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀਸ਼ੌਕਤ ਅਹਿਮਦ ਪਰੇ ਨੇ "ਜਲ ਜੀਵਨ ਮਿਸ਼ਨ ਤਹਿਤ" ਕੇਂਦਰੀ 2 ਮੈਂਬਰੀ ਟੀਮ ਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦਿਆਂ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਲਵਜੀਤ ਕਲਸੀ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

ਇਸ ਮੌਕੇ ਨੈਸ਼ਨਲ ਵਾਸ਼ ਐਕਸਪਰਟ ਸ੍ਰੀ ਸ਼ੀਸ਼ਆ ਪਾਲ ਸੇਠੀ ਤੇ ਸ੍ਰੀ ਪ੍ਰਕਾਸ਼ ਚੰਦਰ ਸਮਰ ਦੀ ਅਗਵਾਈ ਵਾਲੀ 2 ਮੈਂਬਰੀ ਟੀਮ ਦੇ ਅਧਿਕਾਰੀਆਂ ਨੇ ਜ਼ਿਲ੍ਹੇ ਦੇ ਦੋ ਰੋਜ਼ਾ ਦੌਰੇ ਦੌਰਾਨ "ਜਲ ਜੀਵਨ ਮਿਸ਼ਨ ਤਹਿਤ" ਜਲ ਸਪਲਾਈ ਵਿਭਾਗ ਵਲੋਂ ਕੀਤੇ ਜਾ ਰਹੇ ਕਾਰਜਾਂ ਤੇ ਤਸੱਲੀ ਪ੍ਰਗਟ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਡਿਪਟੀ ਕਮਿਸ਼ਨਰ ਦੇ ਧਿਆਨ ਚ ਲਿਆਂਦਾ ਕਿ ਜ਼ਿਲ੍ਹੇ ਦੇ ਕੁਝ ਪਿੰਡਾਂ ਵਿੱਚ ਫ਼ਿਰਨੀ ਤੇ ਛੱਪੜਾਂ ਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਆ ਰਹੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਗੰਦੇ ਪਾਣੀ ਨਿਕਾਸੀ ਦਾ ਤੁਰੰਤ ਹੱਲ ਕਰਨਾ ਯਕੀਨੀ ਬਣਾਇਆ ਜਾਵੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ 2 ਮੈਂਬਰੀ ਕਮੇਟੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸੋਲਡ ਵੇਸਟ ਮੈਨੇਜ਼ਮੈਂਟ ਤੇ ਕੰਪੋਜਿੰਗ ਤਹਿਤ ਵੀ ਯੋਗ ਉਪਰਾਲੇ ਕੀਤੇ ਜਾ ਰਹੇ ਹਨ।

ਇਸ ਮੌਕੇ ਕਾਰਜਕਾਰੀ ਇੰਜੀਨੀਅਰ ਸ੍ਰੀ ਅਮਿਤ ਕੁਮਾਰ, ਕਾਰਜਕਾਰੀ ਇੰਜੀਨੀਅਰ ਸ੍ਰੀ ਮਨਪ੍ਰੀਤ ਸਿੰਘ ਅਰਸ਼ੀ, ਜਲ ਸਪਲਾਈ ਵਿਭਾਗ ਦੇ ਐਸਡੀਓ ਸ੍ਰੀ ਜਗਦੀਪ ਸਿੰਘ ਸਰਾਂ ਆਦਿ ਅਧਿਕਾਰੀ ਹਾਜ਼ਰ ਸਨ।

## 'ਆਪਣੀ ਆਵਾਜ਼ ਪੁਰਸਕਾਰ -2023' ਜੰਗ ਬਹਾਦੁਰ ਗੋਇਲ ਨੂੰ ਮਿਲੇਗਾ

### 'ਕਾਵਿਲੋਕ ਪੁਰਸਕਾਰ-2023' ਲਈ ਅਰਤਿੰਦਰ ਸੰਧੂ ਦੀ ਚੋਣ

ਵਰਲਡ ਪੰਜਾਬੀ ਟਾਈਮਜ਼





ਜਲੰਧਰ 01ਦਸੰਬਰ : ਲੋਕ ਮੰਚ ਪੰਜਾਬ ਵਲੋਂ ਹਰ ਸਾਲ ਦਿੱਤੇ ਜਾਣ ਵਾਲੇ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਸਾਲ 2023 ਦਾ 'ਆਪਣੀ ਆਵਾਜ਼ ਪੁਰਸਕਾਰ' ਉੱਘੇ ਪੰਜਾਬੀ ਲੇਖਕ ਜੰਗ ਬਹਾਦੁਰ ਗੋਇਲ ਨੂੰ, ਉਨ੍ਹਾਂ ਦੀ ਵਾਰਤਕ ਪੁਸਤਕ "ਸਾਹਿਤ ਸੰਜੀਵਨੀ" ਲਈ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ ਇਕ ਲੱਖ ਰੁਪਏ ਅਤੇ ਸਨਮਾਨ ਚਿੰਨ੍ਹ ਹੋਵੇਗਾ।

ਸਾਲ 2023 ਦਾ "ਕਾਵਿਲੋਕ ਪੁਰਸਕਾਰ" ਪੰਜਾਬੀ ਦੀ ਉੱਘੀ ਕਵਿੱਤਰੀ ਅਰਤਿੰਦਰ ਸੰਧੂ ਨੂੰ, ਉਨ੍ਹਾਂ ਦੀ ਪੁਸਤਕ "ਮਨ ਦਾ ਮੌਸਮ" ਲਈ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ ਇਕੱਤੀ ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਹੋਵੇਗਾ।

ਇਹ ਐਲਾਨ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾ. ਲਖਵਿੰਦਰ ਸਿੰਘ ਜੌਹਲ, ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਅਤੇ ਸਕੱਤਰ ਰਮਨਪ੍ਰੀਤ ਕੌਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਦੀ ਚੋਣ ਗੁਪਤ ਸਰਵੇਖਣ ਦੇ ਆਧਾਰ ਉੱਤੇ ਮਾਹਿਰਾਂ ਦੀ ਕਮੇਟੀ ਵਲੋਂ ਕੀਤੀ ਜਾਂਦੀ ਹੈ। ਇਹ ਪੁਰਸਕਾਰ ਜਨਵਰੀ 2024 ਵਿੱਚ ਇਕ ਸਮਾਗਮ ਕਰਕੇ ਭੇਟ ਕੀਤੇ ਜਾਣਗੇ।

## ਯੂਰਪ ਦਾ ਪਹਿਲਾਂ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਦਰਬਾਰ ਬੈਰਗਾਮੋ (ਇਟਲੀ)ਜਿੱਥੇ 22 ਕੈਰਟ ਸੋਨੇ ਦਾ "ਹਰਿ" ਦੇ ਨਿਸ਼ਾਨ ਸਾਹਿਬ ਸੰਗਤ ਨੇ ਝੁਲਾਇਆ,108 ਸੰਤ ਨਿਰਜੰਨ ਦਾਸ ਨੇ ਵਿਸੇ਼ਸ ਕੀਤੀ ਸਿ਼ਰਕਤ

### ਕੌਮ ਦੇ ਅਮਰ ਸ਼ਹੀਦ 108 ਸੰਤ ਰਾਮਾਨੰਦ ਜੀ ਦੇ 14ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਹੋਇਆ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਪਨੈਚ ਢੀਡਸਾ





ਮਿਲਾਨ, 1 ਦਸੰਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਝੰਡਾ ਆਪਣੇ ਆਖ਼ਰੀ ਸਾਹਾਂ ਤੱਕ ਬੁਲੰਦ ਕਰਨ ਵਾਲੇ ਰਵਿਦਾਸੀਆ ਸਮਾਜ ਦੇ ਅਮਰ ਸ਼ਹੀਦ 108 ਸੰਤ ਰਾਮਾਨੰਦ ਜੀ ਦੇ 14ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ ਲੰਬਾਰਦੀਆ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਰਵਿਦਾਸ ਦਰਬਾਰ ਚੀਵੀਦਿਨੋ(ਬੈਰਗਾਮੋ)ਵਿ ਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਦੀ ਧਰਤੀ ਤੋਂ ਉੱਚੇਚੇ ਤੌਰ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪੂਰੀ ਦੁਨੀਆਂ ਵਿੱਚ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ 108 ਸੰਤ ਨਿਰੰਜਣ ਦਾਸ ਗੱ੍ਦੀ ਨਸ਼ੀਨ ਡੇਰਾ ਸੱਚਖੰਡ ਬੱਲਾ(ਜਲੰਧਰ)ਤੇ ਸੰਤ ਮਨਦੀਪ ਦਾਸ ਇਸ ਮਹਾਨ ਸਮਾਗਮ ਵਿੱਚ ਸੰਗਤਾਂ ਨੂੰ ਦਰਸ਼ਨ ਦੇਣ ਪਹੁੰਚੇ।ਇਸ ਮੌਕੇ ਇਟਲੀ ਤੋਂ ਇਲਾਵਾ ਸੰਗਤਾਂ ਯੂਰਪ ਭਰ ਸਪੇਨ,ਫਰਾਂਸ ,ਅਸਟਰੀਆ,ਜਰਮਨ ਤੇ ਹਾਲੈਂਡ ਤੋ ਸੰਗਤਾਂ ਕਾਫ਼ਲਿਆਂ ਦੇ ਰੂਪ ਵਿੱਚ ਇਸ ਸ਼ਹੀਦੀ ਸਮਾਗਮ ਵਿੱਚ ਪਹੁੰਚੀਆਂ।ਇਸ ਸ਼ਹੀਦੀ ਸਮਾਗਮ ਮੌਕੇ ਪ੍ਰਸਿੱਧ ਰਾਗੀ,ਢਾਡੀ,ਕੀਰਤਨੀਏ ਤੇ ਕਥਾ ਵਾਚਕਾਂ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਇਆ।ਰਵਿਦਾਸੀਆ ਸਮਾਜ ਦੇ ਅਮਰ ਸ਼ਹੀਦੀ 108 ਸੰਤ ਰਾਮਾਨੰਦ ਦੇ 14ਵੇਂ ਸ਼ਹੀਦੀ ਦਿਵਸ ਮੌਕੇ ਸ਼੍ਰੀ ਗੁਰੂ ਰਵਿਦਾਸ ਦਰਬਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਚੀਵੀਦਿਨੋ(ਬੈਰਗਾਮੋ)ਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਵਿਖੇ 22 ਸੋਨੇ ਦਾ 500 ਗ੍ਰਾਮ ਦੇ ਕਰੀਬ "ਹਰਿ"ਦੇ ਨਿਸ਼ਾਨ 108 ਸੰਤ ਨਿਰੰਜਨ ਦਾਸ ਤੇ ਸੰਤ ਮਨਦੀਪ ਦਾਸ ਹੁਰਾਂ ਦੀ ਰਹਿਨੁਮਾਈ ਹੇਠ ਝੁਲਾਇਆ।"ਹਰਿ"ਦੇ ਸੋਨੇ ਦੇ ਨਿਸ਼ਾਨ ਸਾਹਿਬ ਝੁਲਾਉਣ ਵਾਲਾ ਯੂਰਪ ਦਾ ਪਹਿਲਾ ਅਜਿਹਾ ਗੁਰਦੁਆਰਾ ਹੈ ਜਿੱਥੇ ਸੰਗਤ ਨੇ ਅਜਿਹੀ ਸੇਵਾ ਕੀਤੀ ਹੈ ਤੇ ਚੁਫੇਰੇ ਇਸ ਮਹਾਨ ਕਾਰਜ ਲਈ ਸ਼ਲਾਘਾ ਹੋ ਰਹੀ ਹੈ ।ਸ਼੍ਰੀ ਗੁਰੂ ਰਵਿਦਾਸ ਨਿਸ਼ਾਨ ਝੁਲਾਉਣ ਮੌਕੇ ਸੰਗਤਾਂ ਦਾ ਗੁਰੂ ਪ੍ਰਤੀ ਸਤਿਕਾਰ,ਉਤਸ਼ਾਹ ਤੇ ਸ਼ਰਧਾਂ ਦੇਖਣਯੋਗ ਸੀ।ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਦੀ ਜੈ ਨਾਲ ਪੂਰਾ ਇਲਾਕਾ ਗੂੰਜ ਰਿਹਾ ਸੀ।ਇਸ ਸ਼ਹੀਦੀ ਸਮਾਗਮ ਮੌਕੇ ਸੰਗਤਾਂ ਲਈ ਗੁਰੂ ਦੇ ਲੰਗਰ ਅਤੁੱਟ ਵਰਤੇ।

## ਪਫ਼ਟਾ ਵੱਲੋਂ ਪੰਜਾਬ ਪੁਲਿਸ ਨੂੰ ਡੈਡੀਕੇਟ ਕਰਨ ਲਈ" ਗੁਲਦਸਤਾ "ਪ੍ਰੋਗਰਾਮ ਆਯੋਜਿਤ

### ਮੁੱਖ ਮੰਤਰੀ ਮਾਨ ਵਲੋਂ ਸੂਬੇ ਦੀ ਨਿਰਸਵਾਰਥ ਸੇਵਾ ਲਈ ਪੰਜਾਬ ਪੁਲਿਸ ਦੀ ਕੀਤੀ ਸ਼ਲਾਘਾ

### ਮੁੱਖ ਮੰਤਰੀ ਮਾਨ ਨੇ ਸਮਾਗਮ ਨੂੰ ਰੰਗਲਾ ਬਣਾਉਣ ਲਈ ਪਫ਼ਟਾ ਅਤੇ ਕਲਾਕਾਰ ਭਾਈਚਾਰੇ ਦਾ ਕੀਤਾ ਧੰਨਵਾਦ

### ਡਿਊਟੀ ਦੌਰਾਨ ਬਲੀਦਾਨ ਦੇਣ ਵਾਲੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਐਕਸ ਗ੍ਰੇਸ਼ੀਆ ਗਰਾਂਟ ਦੇ ਚੈੱਕ ਸੌਂਪੇ

ਵਰਲਡ ਪੰਜਾਬੀ ਟਾਈਮਜ਼ ਹਰਜਿੰਦਰ ਸਿੰਘ ਜਵੰਦਾ




ਜਲੰਧਰ 1 ਦਸੰਬਰ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਦੀ ਭਲਾਈ ਲਈ ਪੰਜਾਬ ਪੁਲਿਸ ਵੱਲੋਂ ਪੰਜਾਬੀ ਫਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ (ਪਫ਼ਟਾ) ਦੇ ਸਹਿਯੋਗ ਨਾਲ ਪਫ਼ਟਾ ਦੇ ਪ੍ਰਧਾਨ ਕਰਮਜੀਤ ਅਨਮੋਲ, ਉਪ ਪ੍ਰਧਾਨ ਗੱਗੂ ਗਿੱਲ ਅਤੇ ਜਨਰਲ ਸਕੱਤਰ ਮਲਕੀਤ ਰੌਣੀ ਦੀ ਅਗਵਾਈ ਹੇਠ ਕਰਵਾਏ ਗਏ ਪਹਿਲੇ ਸੱਭਿਆਚਾਰਕ ਸਮਾਗਮ ਗੁਲਦਸਤਾ-2023 ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਏ ਡੀ ਜੀ ਪੀ ਐਮ ਐਫ ਫਰੂਕੀ, ਡੀ ਆਈ ਜੀ ਇੰਦਰਵੀਰ ਸਿੰਘ ਅਤੇ ਐਮ ਪੀ ਸੁਸ਼ੀਲ ਅਰੋੜਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਮਾਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਅਹਿਮ ਪਹਿਲਕਦਮੀ ਦਾ ਉਦੇਸ਼ ਪੰਜਾਬ ਪੁਲਿਸ ਦੇ ਜਵਾਨਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਜਵਾਨ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹਨ ਅਤੇ ਇਹ ਸਮਾਗਮ ਇਨ੍ਹਾਂ ਬਹਾਦਰ ਜਵਾਨਾਂ ਦੇ ਪਰਿਵਾਰਾਂ ਨੂੰ ਸਮਰਪਿਤ ਹੈ। ਭਗਵੰਤ ਸਿੰਘ ਮਾਨ ਨੇ ਪੀ.ਏ.ਪੀ. ਗਰਾਊਂਡ ਵਿੱਚ ਇਸ ਸਮਾਗਮ ਦਾ ਆਯੋਜਨ ਕਰਨ ਵਾਸਤੇ ਸਹਿਯੋਗ ਦੇਣ ਲਈ ਪਫ਼ਟਾ ਦਾ ਧੰਨਵਾਦ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਪ੍ਰਤੀ ਨਿਰਸਵਾਰਥ ਸੇਵਾ ਦੀ ਗੱਲ ਕਰੀਏ ਤਾਂ ਪੰਜਾਬ ਪੁਲਿਸ ਦੀ ਸ਼ਾਨਦਾਰ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਕਾਫ਼ੀ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ ਕਿਉਂਕਿ ਪੁਲਿਸ ਦੀ ਡਿਊਟੀ ਕਰਨ ਵਾਲਾ ਵਿਅਕਤੀ ਆਪਣੇ ਪਰਿਵਾਰ ਲਈ ਸਮਾਂ ਨਹੀਂ ਕੱਢ ਪਾਉਂਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਇਕੱਠੇ ਮਿਲ ਕੇ ਬੈਠਣ ਅਤੇ ਸਮਾਗਮ ਦਾ ਆਨੰਦ ਮਾਨਣ ਦਾ ਮੌਕਾ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਸੂਬੇ ਦੇ ਤਿੰਨ ਕਰੋੜ ਤੋਂ ਵੱਧ ਲੋਕਾਂ ਲਈ ਆਰਾਮ ਦੀ ਨੀਂਦ ਨੂੰ ਯਕੀਨੀ ਬਣਾਉਣ ਵਾਸਤੇ 80,000 ਪੁਲਿਸ ਮੁਲਾਜ਼ਮ ਤਨਦੇਹੀ ਨਾਲ ਆਪਣੀ ਡਿਊਟੀ ਦੇ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਫੋਰਸ ਦੇ ਵਿਗਿਆਨਕ ਲੀਹਾਂ 'ਤੇ ਆਧੁਨਿਕੀਕਰਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਵਰਤੋਂ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਮੁੰਬਈ ਵਿੱਚ ਇਸ ਤਰ੍ਹਾਂ ਦਾ ਇੱਕ ਉਮੰਗ ਨਾਂਅ ਦਾ ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਬਾਲੀਵੁੱਡ ਦੇ ਕਲਾਕਾਰ ਹਿੱਸਾ ਲੈਂਦੇ ਸਨ। ਉਨ੍ਹਾਂ ਕਿਹਾ ਕਿ ਹੁਣ ਸੂਬਾ ਸਰਕਾਰ ਨੇ ਪੁਲਿਸ ਬਲ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਇਹ ਪਹਿਲਕਦਮੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਹ ਰੰਗਲਾ ਪੰਜਾਬ ਸਿਰਜਣ ਦੀ ਦਿਸ਼ਾ ਵਿੱਚ ਇੱਕ ਹੋਰ ਕਦਮ ਹੈ ਜਿੱਥੇ ਸਮਾਜ ਦਾ ਹਰ ਵਰਗ ਖੁਸ਼ਹਾਲੀ, ਸ਼ਾਂਤੀ ਅਤੇ ਤਰੱਕੀ ਦੇ ਰਾਹ 'ਤੇ ਚੱਲੇਗਾ। ਭਗਵੰਤ ਸਿੰਘ ਮਾਨ ਨੇ ਪੁਲਿਸ ਬਲ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਇਸ ਸਮਾਗਮ ਵਿੱਚ ਫਿਲਮੀ ਸਿਤਾਰੇ ਵੀ ਸ਼ਿਰਕਤ ਕਰਨਗੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮਹਿਲਾ ਸਸ਼ਕਤੀਕਰਨ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਸੀਨੀਅਰ ਪੁਲੀਸ ਕਪਤਾਨ ਵਜੋਂ ਮਹਿਲਾ ਅਧਿਕਾਰੀ ਤਾਇਨਾਤ ਹਨ ਅਤੇ 10 ਤੋਂ ਵੱਧ ਜ਼ਿਲ੍ਹਿਆਂ ਵਿੱਚ ਮਹਿਲਾ ਡਿਪਟੀ ਕਮਿਸ਼ਨਰ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚ ਲੜਕੀਆਂ ਦੀ ਭਲਾਈ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਉਪਰਾਲਿਆਂ ਦੇ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ 1450 ਹੋਰ ਪੁਲਿਸ ਮੁਲਾਜ਼ਮਾਂ ਦੀ ਭਰਤੀ ਕਰਨ ਲਈ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਉਦੇਸ਼ ਨੌਜਵਾਨਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਬਰਾਬਰ ਦਾ ਭਾਈਵਾਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵਿੱਚ 1450 ਪੁਲਿਸ ਮੁਲਾਜ਼ਮਾਂ ਦੀ ਭਰਤੀ ਜ਼ਿਲ੍ਹਾ ਪੱਧਰ 'ਤੇ ਫੋਰਸ ਦੇ ਕੰਮਕਾਜ ਨੂੰ ਹੋਰ ਸੁਚਾਰੂ ਬਣਾਏਗੀ ਅਤੇ ਸੂਬੇ ਵਿੱਚ ਅਮਨ-ਕਾਨੂੰਨ ਨੂੰ ਬਰਕਰਾਰ ਰੱਖਣ ਦੇ ਨਾਲ-ਨਾਲ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਵਿੱਚ ਵੀ ਸਹਾਈ ਹੋਵੇਗੀ।

ਇਸ ਮੌਕੇ ਮੁੱਖ ਮੰਤਰੀ ਨੇ ਡਿਊਟੀ ਦੌਰਾਨ ਬਲੀਦਾਨ ਦੇਣ ਵਾਲੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਐਕਸ ਗ੍ਰੇਸ਼ੀਆ ਗਰਾਂਟ ਦੇ ਚੈੱਕ ਸੌਂਪੇ। ਉਨ੍ਹਾਂ ਪੀ.ਐਫ.ਟੀ.ਏ.ਏ. ਦੇ ਮੈਂਬਰਾਂ ਦਾ ਸਨਮਾਨ ਵੀ ਕੀਤਾ ਅਤੇ ਏ.ਡੀ.ਜੀ.ਪੀ. ਐੱਮ.ਐੱਫ. ਫਾਰੂਕੀ ਵੱਲੋਂ ਲਿਖੇ ਅਤੇ ਪ੍ਰਸਿੱਧ ਗਾਇਕ ਮਾਸਟਰ ਸਲੀਮ ਵੱਲੋਂ ਗਾਇਆ ਗੀਤ 'ਅਰਦਾਸ' ਜਾਰੀ ਕੀਤਾ।ਇਸ ਮੌਕੇ ਪੰਜਾਬ ਦੇ ਨਾਮੀ ਕਲਾਕਾਰਾਂ ਨੇ ਆਪਣੀ ਗਾਇਕੀ ਨਾਲ ਚੰਗਾ ਰੰਗ ਬੰਨ੍ਹਿਆ ਅਤੇ ਪੰਜਾਬ ਪੁਲਿਸ ਦੇ ਮੁਲਾਜ਼ਮ ਅਤੇ ਮੁਟਿਆਰਾਂ ਨੱਚਦੇ ਨਜ਼ਰ ਆ ਏ।

ਇਸ ਮੌਕੇ ਪੰਜਾਬੀ ਅਦਾਕਾਰ ਬੀਨੂੰ ਢਿੱਲੋਂ, ਸਰਦਾਰ ਸੋਹੀ, ਸ਼ਵਿੰਦਰ ਮਾਹਲ, ਭਾਰਤ ਭੂਸ਼ਣ ਵਰਮਾ, ਅਮਰ ਨੂਰੀ, ਦੇਬੀ ਮਖਸੂਸਪੁਰੀ,ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਗਾਇਕ ਐਮੀ ਵਿਰਕ, ਗੁਰਨਾਮ ਭੁੱਲਰ, ਕੁਲਵਿੰਦਰ ਬਿੱਲਾ, ਤਰਸੇਮ ਜੱਸੜ, ਬਲਵੀਰ ਬੋਪਾਊ, ਰਾਜਵੀਰ ਜਵੰਦਾ,ਕਮਲ ਖ਼ਾਨ, ਮਾਸਟਰ ਸਲੀਮ ,ਕੰਵਰ ਗਰੇਵਾਲ, ਹੈਪੀ ਰਾਏਕੋਟੀ, ਹਾਰਬੀ ਸੰਘਾ, ਸਿਤਿਜ ਚੌਧਰੀ, ਨਰੇਸ਼ ਕਥੂਰੀਆ,ਭੁਪਿੰਦਰ ਗਿੱਲ, ਰੁਪਿੰਦਰ ਰੂਪੀ, ਨਿਮਰਤ ਖਹਿਰਾ, ਸੀਮਾ ਕੌਂਸਲ, ਗਗਨ ਕੋਕਰੀ, ਪ੍ਰੀਤ ਹਰਪਾਲ, ਹਰਸਿਮਰਨ, ਨੀਸ਼ਾ ਬਾਨੋ, ਰੋਸ਼ਨ ਪ੍ਰਿੰਸ, ਈਸ਼ਾ ਰਿਖੀ, ਤਰਸੇਮ ਪੋਲ, ਕੁਲਦੀਪ ਕੰਡਿਆਰਾ, ਪਰਮਜੀਤ ਭੰਗੂ, ਜੀ ਖਾਨ, ਪੂਨਮ ਸੂਧ, ਪਰਮਵੀਰ, ਜਗਤਾਰ ਬੈਨੀਪਾਲ, ਰਾਜ ਧਾਲੀਵਾਲ, ਜਸਵੰਤ ਰਾਠੌਰ,ਸਲੀਮ ਸਿਕੰਦਰ , ਹਰਵਿੰਦਰ ਔਜਲਾ, ਹਰਜਿੰਦਰ ਸਿੰਘ ਜਵੰਦਾ, ਅਮਨਦੀਪ ਜੌਹਲ ਅਤੇ ਸ਼ਮੀਰ ਮਾਹੀ ਆਦਿ ਨਾਮੀ ਕਲਾਕਾਰ ਅਤੇ ਅਦਾਕਾਰ ਮੌਜੂਦ ਰਹੇ।

ਵਰਲਡ ਪੰਜਾਬੀ ਟਾਈਮਜ਼ 01 ਦਸੰਬਰ 2023 ਦਿਨ ਸ਼ੁੱਕਰਵਾਰ

## ਚਿੱਤਰਕਾਰ ਅਮਰਾਓ ਸਿੰਘ ਦੀ ਕਲਾ ਪ੍ਰਦਰਸ਼ਨੀ ਸ਼ੁਰੂ

### ਕਲਾ ਪ੍ਰਦਰਸ਼ਨੀ ਪਿੰਡ ਚਿੱਲਾ ਨੂੰ ਸਮਰਪਿਤ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ



ਚੰਡੀਗੜ੍ਹ, 1 ਦਿਸੰਬਰ : ਚਿੱਤਰਕਾਰ ਅਮਰਾਓ ਸਿੰਘ ਦੀ ਕਲਾ ਪ੍ਰਦਰਸ਼ਨੀ 'ਮੇਰੀ ਧਰਤੀ ਮੇਰੇ ਲੋਕ' ਅੱਜ ਕਲਾ ਭਵਨ, ਚੰਡੀਗੜ੍ਹ ਵਿਖੇ ਸ਼ੁਰੂ ਹੋਈ। ਸੱਭਿਆਚਾਰਕ ਵਿਭਾਗ ਦੇ ਕੈਬਨਟ ਮਨਿਸਟਰ ਸ੍ਰੀਮਤੀ ਅਨਮੋਲ ਗਗਨ ਮਾਨ ਨੇ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਉਹ।ਨਾਂ ਕਿਹਾ ਕਿ ਪੇਂਡੂ ਸੱਭਿਆਚਾਰ ਨੂੰ ਰੂਪਮਾਨ ਕਰਦੀ ਇਹ ਕਲਾ ਸਮੂਹ ਵਿਦਿਆਰਥੀਆਂ ਕੋਲ ਵੀ ਜਾਣੀ ਚਾਹੀਦੀ ਹੈ। ਉਦਘਾਟਨ ਮੌਕੇ ਕਲਾ ਪ੍ਰੇਮੀ ਪ੍ਰਿੰਸੀਪਲ ਦਲੀਪ ਸਿੰਘ ਕਪੂਰ ਅਤੇ ਸ੍ਰੀਮਤੀ ਸਰੋਜ ਚਮਨ ਨੇ ਵੀ ਅਮਰਾਓ ਗਿਲ ਦੀ ਚਿਤਰ ਕਲਾ ਦੀ ਪ੍ਰਸ਼ੰਸਾ ਕੀਤੀ।



ਐਮਐਲਏ ਦੇਵ ਮਾਨ ਨੇ ਕਿਹਾ ਕਿ ਅਮਰਾਓ ਗਿੱਲ ਦੀ ਚਿੱਤਰਕਾਰੀ ਪੇਂਡੂ ਜੀਵਨ ਦਾ ਪ੍ਰਗਟਾਵਾ ਕਰਦੀ ਹੈ।

ਕਲਾ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਨ 40 ਪੇਂਟਿੰਗਸ ਪਿੰਡ ਦੀ ਨੁਹਾਰ, ਢਲਦੀ ਸ਼ਾਮ, ਪਹੁ ਫੁਟਾਲਾ, ਕਿਰਤੀ ਲੋਕ, ਪੰਛੀ ਅਤੇ ਹੋਰ ਜੀਵ ਜੰਤੂ ਸ਼ਾਮਿਲ ਹਨ ਜਿਨਾਂ ਦੀਆਂ ਆਕ੍ਰਿਤੀਆਂ ਅਤੇ ਰੰਗ ਮਨ ਨੂੰ ਮੋਹਦੇ ਹਨ। ਚਿੱਤਰਕਾਰ ਅਮਰਾਓ ਗਿੱਲ ਨੇ ਦੱਸਿਆ ਕਿ ਉਹ ਰਹਿ ਭਾਵੇਂ ਅਮਰੀਕਾ ਰਹੇ ਹਨ ਪਰ ਉਹਨਾਂ ਦੀ ਜਿੰਦ ਜਾਨ ਇੱਥੇ ਪੇਂਡੂ ਜੀਵਨ ਵਿੱਚ ਵਸਦੀ ਹੈ । ਉਨਾਂ ਨੇ ਅਮਰੀਕਾ ਦੀ ਬੋਸਟਨ ਯੂਨੀਵਰਸਿਟੀ ਵਿੱਚੋਂ ਚਿੱਤਰ ਕਲਾ ਦੀ ਪੜ੍ਹਾਈ ਕੀਤੀ ਸੀ। ਉਹਨਾਂ ਨੇ ਐਲਾਨ ਕੀਤਾ ਕਿ ਉਹ ਆਪਣੇ ਪਿੰਡ ਚਿੱਲਾ ਵਿਚਲੇ ਘਰ ਨੂੰ ਲਾਇਬਰੇਰੀ ਅਤੇ ਚਿੱਤਰ ਕਲਾ ਦੀ ਲਾਇਬਰੇਰੀ ਬਣਾ ਰਹੇ ਹਨ।

## ਪੁੰਗਰਦੇ ਹਰਫ਼ ਵਿਸ਼ਵ ਸਾਹਿਤਕ ਮੰਚ ਵੱਲੋਂ ਸ਼ਾਇਰ ਪ੍ਰੋ. ਅਮਾਨਤ ਅਲੀ ਮੁਸਾਫ਼ਿਰ ਗਿੱਲ ਦਾ ਹੋਇਆ ਰੂਬਰੂ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੇਵਰ




ਚੰਡੀਗੜ੍ਹ ,1ਦਸੰਬਰ : ਪੁੰਗਰਦੇ ਹਰਫ਼ ਵਿਸ਼ਵ ਸਾਹਿਤਕ ਮੰਚ ਵੱਲੋਂ ਲੜੀਵਾਰ ਪ੍ਰੋਗਰਾਮ "ਸੁਖ਼ਨ ਸਾਂਝ" ਦੇ ਤਹਿਤ ਲਹਿੰਦੇ ਪੰਜਾਬ ਦੇ ਨਾਮਵਰ ਲੇਖਕ ਤੇ ਸ਼ਾਇਰ ਪ੍ਰੋ. ਅਮਾਨਤ ਅਲੀ ਮੁਸਾਫ਼ਿਰ ਗਿੱਲ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨਾਲ ਦੂਜੀ ਵਾਰ ਵਿਸ਼ੇਸ਼ ਮੁਲਾਕਾਤ ਕਰਵਾਈ ਗਈ। ਮੰਚ ਦੇ ਸੰਸਥਾਪਕ ਰਮਨਦੀਪ ਕੌਰ ਰੰਮੀ ਜੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪ੍ਰੋਫੈਸਰ ਸਾਹਿਬ ਨੂੰ ਸਵਾਗਤ ਆਖਿਆ। ਮੰਚ ਦੇ ਪ੍ਰਬੰਧਕ ਤੇ ਪ੍ਰੋਗਰਾਮ ਦਾ ਸੰਚਾਲਨ ਕਰ ਰਹੇ ਅਮਨਬੀਰ ਸਿੰਘ ਧਾਮੀ ਜੀ ਨੇ ਪ੍ਰੋਫੈਸਰ ਸਾਹਿਬ ਤੋਂ ਬਹੁਤ ਭਾਵਪੂਰਨ ਸਵਾਲ ਪੁੱਛੇ ਜਿਹਨਾਂ ਨੂੰ ਅਮਾਨਤ ਅਲੀ ਜੀ ਨੇ ਬਹੁਤ ਹੀ ਸਾਦੇ ਢੰਗ ਨਾਲ ਆਪਣੀ ਗੱਲਬਾਤ ਦੌਰਾਨ ਪੇਸ਼ ਕੀਤਾ। ਉਹਨਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਦੋਵਾਂ ਪੰਜਾਬਾਂ ਨੂੰ ਇਕ ਕਰਦਿਆਂ ਆਪਣੀ ਮੁਹੱਬਤ ਜ਼ਾਹਿਰ ਕੀਤੀ। ਉਹਨਾਂ ਇਸ ਮੁਲਾਕਾਤ ਦੌਰਾਨ ਆਪਣੇ ਜੀਵਨ ਦੇ ਤਜ਼ਰਬਿਆਂ ਬਾਰੇ ਵੀ ਸਰੋਤਿਆਂ ਨੂੰ ਜਾਣਕਾਰੀ ਦਿੱਤੀ । ਆਪਣੀਆਂ ਰਚਨਾਵਾਂ ਦੇ ਬੋਲਾਂ ਨਾਲ ਵੰਡ ਦੇ ਹੰਢਾਏ ਦਰਦਾਂ ਨੂੰ ਬਿਆਨ ਕੀਤਾ । ਉਹਨਾਂ ਆਪਣੇ ਚੜ੍ਹਦੇ ਵੱਲ ਵੱਸਦੇ ਭੈਣ ਭਰਾਵਾਂ ਨੂੰ ਮਿਲਣ ਦੀ ਇੱਛਾ ਰੱਖੀ ਤੇ ਤਾਰਾਂ ਦੇ ਪਾਰ ਹਰ ਇਕ ਦੇ ਦਿਲਾਂ ਵਿੱਚ ਵੱਸਦੀ ਮੁਹੱਬਤ ਨੂੰ ਆਪਣੇ ਸ਼ਬਦਾਂ ਦੇ ਰੂਪ ਵਿੱਚ ਸਰੋਤਿਆਂ ਦੇ ਰੁਬਰੂ ਪੇਸ਼ ਕੀਤਾ। ਉਹਨਾਂ ਆਪਣੇ ਲਿਖਣ ਦੇ ਸਫ਼ਰ ਬਾਰੇ ਦੱਸਦਿਆਂ ਆਪਣੇ ਛਪੇ ਕਾਵਿ ਸੰਗ੍ਰਹਿਆਂ ਦਾ ਵੀ ਜ਼ਿਕਰ ਕੀਤਾ। ਲਗਾਤਾਰ ਹੋਈ ਇਸ ਗੱਲਬਾਤ ਤੋਂ ਇਕ ਉਦੇਸ਼ ਆਪਣੇ ਸਰੋਤਿਆਂ ਨੂੰ ਦਿੱਤਾ ਕਿ ਪੰਜਾਬੀਓ ਪਿਆਰ ਕਰੋ ਤੇ ਨਫ਼ਰਤਾਂ ਭੁੱਲ ਕੇ ਇੱਕ ਹੋ ਜਾਓ। ਅਖੀਰ ਅਮਨਬੀਰ ਸਿੰਘ ਧਾਮੀ ਜੀ ਨੇ ਆਪਣੇ ਵੱਡਮੁਲੇ ਸ਼ਬਦਾਂ ਨਾਲ ਅਮਾਨਤ ਅਲੀ ਜੀ ਦਾ ਧੰਨਵਾਦ ਕਰਦਿਆਂ ਪ੍ਰੋਗਰਾਮ ਨੂੰ ਸਮਾਪਤ ਕੀਤਾ । ਪ੍ਰੋਗਰਾਮ ਵਿੱਚ ਮਨਦੀਪ ਕੌਰ ਭਦੌੜ ਜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨ ਆਪਣੇ ਵਿਚਾਰ ਸਾਂਝੇ ਕੀਤੇ ਤੇ ਪ੍ਰੋਗਰਾਮ ਵਿੱਚ ਚੇਅਰਮੈਨ ਬਲਿਹਾਰ ਸਿੰਘ ਲੇਲ੍ਹ (ਅਮਰੀਕਾ )ਸੀਨੀਅਰ ਮੀਤ ਪ੍ਰਧਾਨ ਹਰਮੀਤ ਕੌਰ ਮੀਤ(ਗੁਰਦਾਸਪੁਰ )ਤੇ ਮੀਡੀਆ ਇੰਚਾਰਜ ਸਿਮਰਨਜੀਤ ਕੌਰ ਸਿਮਰ ਨੇ ਪ੍ਰੋਗਰਾਮ ਨੂੰ ਟੈਕਨੀਕਲੀ ਸੰਭਾਲਿਆ।

## ਚਰਚਿਤ ਕਵੀ ਤੇ ਸ਼ਾਇਰ – ਅਮਰਜੀਤ ਸਿੰਘ ਜੀਤ



ਵਰਲਡ ਪੰਜਾਬੀ ਟਾਈਮਜ਼ ਮੰਗਤ ਗਰਗ

ਗ਼ਜ਼ਲ ਉਹ ਹੈ ਜਿਸ ਰਾਹੀਂ ਅਸੀਂ ਆਪਣੇ ਦਰਦ, ਆਪਣੀਆਂ ਭਾਵਨਾਵਾਂ, ਆਪਣੇ ਵਿਚਾਰਾਂ ਨੂੰ ਸੰਗੀਤ ਰਾਹੀਂ ਇੱਕ ਸੁੰਦਰ ਵਾਕ ਨੂੰ ਗ਼ਜ਼ਲ ਵਿੱਚ ਪੇਸ਼ ਕਰਦੇ ਹਾਂ। ਗ਼ਜ਼ਲ ਦਾ ਅਹਿਸਾਸ ਨਿਵੇਕਲਾ ਤੇ ਅਦਭੁਤ ਹੈ। ਇਤਿਹਾਸ ਉਹਨਾਂ ਦਾ ਸਿਰਜਦਾ ਹੈ ਜੋ ਇਸ ਪਰੰਪਰਾਗਤ ਸੰਸਾਰ ਦੀਆਂ ਸਾਰੀਆਂ ਹੱਦਾਂ ਨੂੰ ਤੋੜਦੇ ਹਨ ਅਤੇ ਜਜ਼ਬਾਤਾਂ ਦੀ ਹਨੇਰੀ ਨਾਲ ਇੱਕ ਨਵਾਂ ਚਿਹਰਾ ਸਿਰਜਦੇ ਹਨ। ਅਜਿਹੀਆਂ ਸ਼ਖ਼ਸੀਅਤਾਂ ਆਪਣੀ ਸੋਚ ਦੇ ਜਾਦੂ ਰਾਹੀਂ ਨਵੀਂ ਦੁਨੀਆਂ ਸਿਰਜਦੀਆਂ ਹਨ। ਅਜਿਹਾ ਹੀ ਇਕ ਗ਼ਜ਼ਲਗੋ ਅਮਰਜੀਤ ਸਿੰਘ ਜੀਤ ਹੈ, ਜਿਸ ਨੇ ਪਿਆਰ ਅਤੇ ਫਲਸਫੇ ਦੇ ਨਵੇਂ ਮਾਪਦੰਡ ਕਾਇਮ ਕੀਤੇ ਪਰ ਜਿਸ ਦੀ ਜ਼ਿੰਦਗੀ ਖੁਦ ਸਮੇਂ ਅਤੇ ਕਿਸਮਤ ਦੀਆਂ ਸੱਟਾਂ ਨਾਲ ਲੜਦੀ ਰਹੀ, ਪਰ ਥੱਕਿਆ ਨਹੀਂ। ਜੀਤ ਨੇ ਆਪਣੀ ਵਿਲੱਖਣ ਆਵਾਜ਼ ਅਤੇ ਸਿਰਜਣਾਤਮਕਤਾ ਦੁਆਰਾ ਪੰਜਾਬੀ ਸਾਹਿਤ ਨੂੰ ਬਦਲਿਆ ਹੈ ਅਤੇ ਉਨ੍ਹਾਂ ਨੂੰ ਆਧੁਨਿਕ ਯੁੱਗ ਦੁਆਰਾ ਇੱਕ ਨਵਾਂ ਆਯਾਮ ਦਿੱਤਾ ਹੈ। ਉਸ ਦੀ ਕਲਮ ਨੇ ਦਿਲ ਦੀ ਹਰ ਸਤ੍ਹਾ ਨੂੰ ਛੂਹ ਲਿਆ, ਕਿਸੇ ਵੀ ਮੋੜ 'ਤੇ ਕੋਈ ਕਸਰ ਨਹੀਂ ਛੱਡੀ। ਜ਼ਿੰਦਗੀ ਨੇ ਉਸ ਦੇ ਰਾਹ ਵਿੱਚ ਕੰਡੇ ਬੀਜੇ, ਪਰ ਉਹ ਉਨ੍ਹਾਂ ਨੂੰ ਆਪਣੇ ਸ਼ਬਦਾਂ ਦੇ ਫੁੱਲਾਂ ਨਾਲ ਜਵਾਬ ਦਿੰਦਾ ਰਿਹਾ। ਦਰਦ ਨੂੰ ਅਦਭੁਤ ਸ਼ਬਦ ਦੇਣ ਵਿਚ ਉਸ ਦੇ ਜਾਦੂ ਤੋਂ ਬਹੁਤ ਲੋਕ ਪ੍ਰਭਾਵਿਤ ਹਨ। ਉਸ ਨੇ ਆਪਣਾ ਜੀਵਨ ਬਹੁਤ ਹੀ ਸਰਲ ਅੰਦਾਜ਼ ਵਿੱਚ ਬਤੀਤ ਕੀਤਾ ਹੈ। ਉਸ ਦੇ ਸ਼ੇਅਰ ਸ਼ਬਦਾਂ ਦਾ ਸੰਗ੍ਰਹਿ ਨਹੀਂ ਹਨ, ਸਗੋਂ ਭਾਵਨਾਵਾਂ ਦੇ ਸੰਪੂਰਨ ਚਿੱਤਰ ਹਨ। ਸਾਰੇ ਵੱਡੇ ਕਵੀਆਂ ਵਿਚ ਜੀਤ ਨੇ ਆਪਣੀ ਵਿਸ਼ੇਸ਼ ਪਛਾਣ ਬਣਾਈ ਅਤੇ ਨਾ ਸਿਰਫ਼ ਆਪਣੀ ਲੇਖਣੀ ਰਾਹੀਂ ਸਗੋਂ ਮੁਸ਼ਾਇਰਾ ਸੁਣਾਉਣ ਦੀ ਸ਼ੈਲੀ ਰਾਹੀਂ ਵੀ ਪ੍ਰਸਿੱਧੀ ਹਾਸਲ ਕੀਤੀ। ਉਸ ਦੀ ਸ਼ੈਲੀ ਇਸ ਤਰ੍ਹਾਂ ਸੀ ਜਿਵੇਂ ਉਹ ਕਵਿਤਾ ਨਹੀਂ ਪੜ੍ਹ ਰਿਹਾ ਹੋਵੇ ਸਗੋਂ ਚਿੱਤਰ ਬਣਾਉਣ ਵਾਲਾ ਕੋਈ ਨਿਪੁੰਨ ਚਿੱਤਰਕਾਰ ਹੋਵੇ। ਉਸ ਦੇ ਬੋਲ ਸਰੋਤਿਆਂ ਦੇ ਮਨਾਂ ਵਿਚ ਵਿਜ਼ੂਅਲ ਸਿਰਜਦੇ ਜਾਪਦੇ ਸਨ।

ਜੀਤ ਦੀਆਂ ਗ਼ਜ਼ਲਾਂ ਵਿਚ ਡੂੰਘੇ ਸਮਾਜਿਕ ਅਰਥ ਹਨ। ਉਹ ਜੀਵਨ ਦੇ ਸੰਕਟ ਵਿੱਚ ਵੀ ਡੂੰਘੇ ਵਿਸ਼ਵਾਸ ਦੀ ਪ੍ਰੇਰਨਾ ਦਿੰਦੇ ਹਨ। ਉਸ ਦੀਆਂ ਗ਼ਜ਼ਲਾਂ ਵਿਚ ਸਥਾਨਕ ਬੋਲੀ, ਮਿਜਾਜ਼ ਅਤੇ ਮੌਸਮ ਸਭ ਪ੍ਰਚੱਲਤ ਹਨ। ਉਸ ਦੇ ਕਾਵਿ-ਜਗਤ ਵਿਚ ਸਹਿਜਤਾ ਅਤੇ ਗੀਤਕਾਰੀ ਵੀ ਹੈ ਅਤੇ ਮਨੁੱਖਤਾ ਨੂੰ ਸੰਭਾਲਣ ਲਈ ਨਿਰੰਤਰ ਸੰਘਰਸ਼ ਵੀ। ਜੀਤ ਨੂੰ ਦੁਨੀਆਂ ਦੇ ਵਿਨਾਸ਼ ਦਾ ਖ਼ਤਰਾ ਜਿੰਨਾ ਮਜ਼ਬੂਤ ਦਿਖਾਈ ਦਿੰਦਾ ਹੈ,ਓਨਾ ਹੀ ਉਹ ਜੀਵਨ ਦੀਆਂ ਸੰਭਾਵਨਾਵਾਂ ਨੂੰ ਖੋਜਣ ਲਈ ਬੇਤਾਬ ਦਿਖਾਈ ਦਿੰਦਾ ਹੈ।

ਪੰਜਾਬ ਦੇ ਇਕ ਛੋਟੇ ਜਿਹੇ ਕਸਬੇ ਰਾਮਾਂ ਮੰਡੀ ਵਿੱਚ ਸਵਰਗੀ ਪਿਤਾ ਸ੍ਰ ਰੂਪ ਸਿੰਘ ਅਤੇ ਸਵਰਗੀ ਮਾਤਾ ਸਵਿੱਤਰੀ ਦੇਵੀ ਦੇ ਘਰ 4 ਨਵੰਬਰ 1961 ਵਿੱਚ ਜਨਮੇ ਅਮਰਜੀਤ ਸਿੰਘ ਜੀਤ ਉਨ੍ਹਾਂ ਮਸ਼ਹੂਰ ਕਵੀਆਂ ਵਿੱਚੋਂ ਇੱਕ ਹੈ। ਜਿਨ੍ਹਾਂ ਦੀ ਪੰਜਾਬੀ ਉੱਤੇ ਚੰਗੀ ਪਕੜ ਹੈ ਤੇ ਉਰਦੂ ਦਾ ਵੀ ਚੰਗਾ ਗਿਆਨ ਹੈ । ਸ਼ਾਇਦ ਇਹੀ ਕਾਰਨ ਹੈ ਕਿ ਉਸਦੀ ਗਿਣਤੀ ਮਸ਼ਹੂਰ ਗ਼ਜ਼ਲਗੋਆਂ ਵਿਚ ਆਉਂਦੀ ਹੈ। ਜੀਤ ਦੀ ਮੁੱਢਲੀ ਸਿੱਖਿਆ ਰਾਮਾਂ ਮੰਡੀ ਵਿਖੇ ਹੋਈ। ਉਸ ਤੋਂ ਬਾਅਦ ਗੋਰਮਿੰਟ ਰਜਿੰਦਰਾ ਕਾਲਜ ਬਠਿੰਡਾ ਤੋਂ ਮੈਡੀਕਲ ਸਾਇੰਸ ਦੀ ਬੀ ਐੱਸ ਸੀ ਦੀ ਡਿਗਰੀ ਕਰਨ ਤੋਂ ਬਾਅਦ ਉਸ ਨੇ ਡੀ ਫਾਰਮੇਸੀ ਗੋਰਮਿੰਟ ਰਜਿੰਦਰ ਮੈਡੀਕਲ ਕਾਲਜ ਪਟਿਆਲਾ ਤੋਂ ਕਰਨ ਤੋਂ ਬਾਅਦ ਸਾਲ 1985 ਵਿਚ ਫਾਰਮਾਸਿਸਟ ਦੇ ਅਹੁਦੇ ਤੇ ਨਿਯੁਕਤੀ ਹੋਈ। ਜੀਤ ਨੇ ਆਪਣੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਰਾਹੀਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ ਅਤੇ ਪੰਜਾਬੀ ਸਾਹਿਤ ਵਿੱਚ ਆਪਣੀ ਪਛਾਣ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਜੀਤ ਦੀਆਂ ਕਵਿਤਾਵਾਂ ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਮੁੱਦਿਆਂ 'ਤੇ ਆਧਾਰਿਤ ਹਨ। ਉਸ ਦੀਆਂ ਕਵਿਤਾਵਾਂ ਵਿਚ ਸੰਵੇਦਨਸ਼ੀਲਤਾ, ਸੁੰਦਰਤਾ ਅਤੇ ਚਿੰਤਨਸ਼ੀਲਤਾ ਦਾ ਸੁਮੇਲ ਹੈ। ਉਸਨੇ ਦੋ ਗ਼ਜ਼ਲ ਸੰਗ੍ਰਹਿ 'ਚਾਨਣ ਦਾ ਛਿੱਟਾ' ਸਾਲ 2014 ਵਿਚ ਤੇ ਸਾਲ 2023 ਵਿਚ 'ਬਦਲਦੇ ਮੌਸਮਾਂ' ਅੰਦਰ ਪ੍ਰਕਾਸ਼ਿਤ ਕੀਤੇ ਹਨ। ਉਸਨੇ ਆਪਣੀਆਂ ਗ਼ਜ਼ਲਾਂ ਵਿੱਚ ਪੰਜਾਬੀ ਦੀ ਵਰਤੋਂ ਕਰਕੇ ਇਸਨੂੰ ਆਮ ਲੋਕਾਂ ਤੱਕ ਪਹੁੰਚਾ ਦਿੱਤਾ। ਜਿਨ੍ਹਾਂ ਨੇ ਜ਼ਿੰਦਗੀ ਨੂੰ ਇੱਕ ਕੋਰੇ ਕਾਗਜ਼ ਵਜੋਂ ਦੇਖਿਆ ਅਤੇ ਆਪਣੇ ਦਿਲ ਨੂੰ ਕਲਮ ਵਾਂਗ ਵਰਤਿਆ ਅਤੇ ਦਰਦ ਦੀ ਸਿਆਹੀ ਨਾਲ ਆਪਣੇ ਜਜ਼ਬਾਤ ਨੂੰ ਉਕਰਿਆ। ਉਸ ਦਾ ਜੀਵਨ ਦਾ ਫਲਸਫਾ ਵੱਖਰਾ ਸੀ ਜੋ ਇਨ੍ਹਾਂ ਦੋ ਸ਼ੇਅਰਾਂ ਵਿੱਚ ਹੈ...

'ਮੇਰੇ ਸਭ ਔਗੁਣ ਤੂੰ ਆਪਣੇ ਸਿਰ ਧਰ ਲੈਣਾ,
ਦਮ ਦਮ ਦੇ ਹਰ ਗੇੜ੍ਹੇ,ਤੇਰਾ ਸਤਿਕਾਰ ਲਿਖਾਂ'

'ਇੱਜ਼ਤ ਅਣਖ ਸਲਾਮਤ ਸਭ ਦੀ ਚਾਹੁੰਦਾ ਹਾਂ,
ਮੈਂ ਕਰਦਾ ਹਾਂ ਆਦਰ ਨਾਰੀ ਸ਼ਕਤੀ ਦਾ'


ਸਾਨੂੰ ਉਹ ਸ਼ੈਲੀ ਯਾਦ ਹੈ ਜੀਤ ਨੇ ਕਵਿਤਾ ਨੂੰ ਸ਼ਬਦਾਂ ਤੋਂ ਪਰੇ ਲੈ ਕੇ ਸਰੋਤਿਆਂ ਦੇ ਅਨੁਭਵ ਨਾਲ ਜੋੜਿਆ ਹੈ। ਅਸਮਾਨ ਵੱਲ ਝਾਕਦਿਆਂ ਕਵਿਤਾ ਸੁਣਾਉਣ ਦਾ ਉਹ ਅੰਦਾਜ਼, ਆਵਾਜ਼ ਵਿਚ ਉਤਰਾਅ-ਚੜ੍ਹਾਅ ਦਾ ਉਹ ਜਾਦੂ ਅਤੇ ਸਾਂਝੇ ਸ਼ਬਦਾਂ ਦੀ ਸ਼ਿਲਪਕਾਰੀ ਅਜਿਹੀ ਹੈ ।

ਉਸ ਦੀਆਂ ਗ਼ਜ਼ਲਾਂ ਅਤੇ ਸ਼ਾਇਰੀ ਤੁਹਾਡੀ ਇਸ ਇੱਛਾ ਨੂੰ ਪੂਰਾ ਕਰਦੀਆਂ ਹਨ। ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਬਹੁਤ ਹੀ ਸਰਲ ਭਾਸ਼ਾ ਵਿੱਚ ਆਮ ਆਦਮੀ ਤੱਕ ਪਹੁੰਚਾਉਣਾ ਇੱਕ ਮਹਾਨ ਕਲਾ ਹੈ ਅਤੇ ਜੀਤ ਇਸ ਪ੍ਰਤਿਭਾ ਨਾਲ ਭਰਪੂਰ ਹੈ। ਗ਼ਜ਼ਲ ਨੂੰ ਹਰਮਨ ਪਿਆਰਾ ਬਣਾਉਣ ਵਿਚ ਜੀਤ ਦਾ ਨਾਂ ਮੁਹਰਲੀਆਂ ਕਤਾਰਾਂ ਵਿਚ ਸ਼ਾਮਲ ਹੈ। ਜੀਤ ਦੀ ਭਾਸ਼ਾ ਵਿੱਚ ਉਹ ਸੰਵੇਦਨਾ ਮਿਲਦੀ ਹੈ। ਜੋ ਬਹੁਤੇ ਕਵੀਆਂ ਵਿਚ ਨਹੀਂ ਮਿਲਦੀ। ਜੀਤ ਦੇ ਸਾਹਿਤਕ ਯੋਗਦਾਨ ਕਾਰਨ ਉਨ੍ਹਾਂ ਨੂੰ ਕਈ ਪੁਰਸਕਾਰ ਮਿਲੇ ਹਨ।

## ਜਗਜੀਤ ਸਿੰਘ ਲੋਹਟਬੱਦੀ ਦੀ ਵਾਰਤਕ ਪੁਸਤਕ "ਜੁਗਨੂੰਆਂ ਦੇ ਅੰਗ ਸੰਗ" ਪ੍ਰੋ: ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਨੂੰ ਭੇਂਟ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 1 ਦਸੰਬਰ : ਪੰਜਾਬੀ ਵਾਰਤਕ ਲੇਖਕ ਜਗਜੀਤ ਸਿੰਘ ਲੋਹਟਬੱਦੀ ਨੇ ਅੱਜ ਆਪਣੀ ਨਵ ਪ੍ਰਕਾਸ਼ਿਤ ਦੂਜੀ ਵਾਰਤਕ ਪੁਸਤਕ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ: ਗੁਰਭਜਨ ਸਿੰਘ ਗਿੱਲ ਤੇ ਸਾਥੀਆਂ ਡਾ: ਲਾਭ ਸਿੰਘ ਖੀਵਾ ਸਾਬਕਾ ਡੀਨ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ(ਬਠਿੰਡਾ) ਡਾ: ਨਿਰਮਲ ਸਿੰਘ ਜੌੜਾ, ਡਾਇਰੈਕਟਰ ਵਿਦਿਆਰਥੀ ਭਲਾਈ ਪੀ ਏ ਯੂ ਲੁਧਿਆਣਾ,ਜਸਮੇਰ ਸਿੰਘ ਢੱਟ ਚੇਅਰਮੈਨ ਸਭਿਆਚਾਰਕ ਸੱਥ , ਪੰਜਾਬ ਤੇ ਇੰਪਰੂਵਮੈਂਟ ਟਰਸਟ ਬਰਨਾਲਾ ਦੇ ਸਾਬਕਾ ਚੇਅਰਮੈਨ ਤੇ ਕਹਾਣੀਕਾਰ ਪਰਮਜੀਤ ਸਿੰਘ ਮਾਨ ਨੂੰ ਭੇਂਟ ਕੀਤੀ।



ਪੁਸਤਕ ਬਾਰੇ ਗੱਲਬਾਤ ਕਰਦਿਆਂ ਪ੍ਰੋ: ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ "ਰੁੱਤ ਫਿਰੀ ਵਣ ਕੰਬਿਆ" ਤੋਂ ਬਾਦ ਜਗਜੀਤ ਸਿੰਘ ਲੋਹਟਬੱਦੀ ਦੀ ਇਸ ਦੂਜੀ ਵਾਰਤਕ ਪੁਸਤਕ ਦਾ ਛਪਣਾ ਉਸ ਦੀ ਨਿਰੰਤਰ ਸਿਰਜਣਸ਼ੀਲਤਾ ਦੀ ਉਦਾਹਰਣ ਹੈ। ਇਸ ਕਿਤਾਬ ਦੀ ਵੱਡੀ ਸਿਫ਼ਤ ਇਹ ਲੱਗਦੀ ਹੈ ਕਿ ਇਸ ਵਿੱਚ ਕਵਿਤਾ ਵਰਗੀ ਰਵਾਨੀ ਤੇ ਸਰੋਦੀ ਅੰਸ਼ ਹੈ। ਮੈਨੂੰ ਮਾਣ ਹੈ ਕਿ ਜਗਜੀਤ ਸਿੰਘ ਪਿਛਲੇ ਤੀਹ ਸਾਲ ਤੋਂ ਸਭਿਆਚਾਰਕ ਸੱਥ ਦਾ ਨਿਸ਼ਕਾਮ ਸਾਥੀ ਹੋਣ ਕਾਰਨ ਮੇਰਾ ਨਿਕਟ ਸਨੇਹੀ ਹੈ।

ਡਾ: ਲਾਭ ਸਿੰਘ ਖੀਵਾ ਨੇ ਕਿਹਾ ਕਿ ਜੁਗਨੂੰਆਂ ਦੇ ਅੰਗ ਸੰਗ ਪੁਸਤਕ ਨੂੰ ਤਾਂ ਅੱਜ ਵੇਖਿਆ ਹੈ ਪਰ ਲੋਹਟਬੱਦੀ ਦੇ ਵਾਰਤਕ ਨਮੂੰਨੇ ਰੋਜ਼ਾਨਾ ਅਖ਼ਬਾਰਾਂ ਤੇ ਮੈਗਜ਼ੀਨਜ਼ ਵਿੱਚ ਮੈਂ ਪਹਿਲਾਂ ਵੀ ਪੜ੍ਹੇ ਹੋਏ ਹਨ। ਇਸ ਪੁਸਤਕ ਦਾ ਮੁੱਖ ਬੰਦ ਲਿਖਦਿਆਂ ਪ੍ਰੋ: ਬ੍ਰਹਮ ਜਗਦੀਸ਼ ਸਿੰਘ ਤੇ ਪ੍ਰੋ: ਹਰਿੰਦਰ ਕੌਰ ਸੋਹੀ ਨੇ ਸਹੀ ਕਿਹਾ ਹੈ ਕਿ ਤਰਲਤਾ ਤੇ ਸਰਲਤਾ ਜਗਜੀਤ ਸਿੰਘ ਦੀ ਵਾਰਤਕ ਦੇ ਮੀਰੀ ਗੁਣ ਹਨ।

ਡਾ: ਨਿਰਮਲ ਜੌੜਾ, ਪਰਮਜੀਤ ਮਾਨ ਤੇ ਜਸਮੇਰ ਸਿੰਘ ਢੱਟ ਨੇ ਵੀ ਜਗਜੀਤ ਸਿੰਘ ਲੋਹਟਬੱਦੀ ਨੂੰ ਇਸ ਪੁਸਤਕ ਜੇ ਪ੍ਰਕਾਸ਼ਨ ਤੇ ਮੁਬਾਰਕਬਾਦ ਦਿੱਤੀ। ਇਸ ਪੁਸਤਕ ਦਾ ਪ੍ਰਕਾਸ਼ਨ ਲਾਹੌਰ ਬੁੱਕ ਸ਼ਾਪ ਲੁਧਿਆਣਾ ਨੇ ਕੀਤਾ ਹੈ।

## ਦੱਸ ਹੁਣ




ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ

ਹੋ ਰਿਹਾ ਸੂਰਜ ਲਾਲ , ਦੱਸ ਹੁਣ ਕੀ ਕਰੀਏ ,

ਆ ਰਿਹਾ ਤੇਰਾ ਖਿਆਲ , ਦੱਸ ਹੁਣ ਕੀ ਕਰੀਏ ।

ਅੱਖੀਆਂ 'ਚ ਨੀਂਦਰ ਪੈਂਦੀ ਨਾ, ਸੁਪਨੇ ਟੁੱਟ ਰਹੇ

ਕਰ ਰਿਹਾ ਹੈ ਦਿਲ ਭਾਲ , ਹੁਣ ਦੱਸ ਕੀ ਕਰੀਏ ।

ਗਲ ਲਾ ਮਿਲਦੇ ਸਭ ਆਪਣੇ , ਬਣ ਵਿਰੋਧੀ

ਤੋੜਨ ਦੀ ਖੇਡਣ ਚਾਲ , ਦੱਸ ਹੁਣ ਕੀ ਕਰੀਏ ।

ਜਾ ਰਿਹਾ ਸਮਾਂ ਮੈਥੋ ਨਾ ਫੜ ਹੁੰਦਾ , ਕੀ ਕਰਾਂ

ਬਦਲ ਰਿਹਾ ਇਹ ਸਾਲ , ਦੱਸ ਹੁਣ ਕੀ ਕਰੀਏ ।

ਅੱਖਾਂ ਦੀ ਲਾਲੀ ਦਰਦ ਦੇ ਰਹੀ , ਕੀ ਸਮਝਾ

ਦਰਦੀ' ਉਲਝੇ ਮੇਰੇ ਹਾਲ , ਦੱਸ ਹੁਣ ਕੀ ਕਰੀਏ ।

## 8 ਸਾਲ ਦੀ ਉਡੀਕ ਨੇ ਨਵਦੀਪ ਦੇ ਮਨਸੂਬੇ ਨੂੰ ਮਨਸੂਬਾ ਦਿੱਤੀ

ਵਰਲਡ ਪੰਜਾਬੀ ਟਾਈਮਜ਼ ਰਾਣਾ ਰਣਬੀਰ



ਐਕਟਰ ਤਾਂ ਉਹ ਬਹੁਤ ਦੇਰ ਦਾ ਹੈ ਪਰ ਹੁਣ ਫਿਲਮੀ ਹੀਰੋ ਬਣ ਗਿਆ ਹੈ। 8 ਸਾਲ ਦੀ ਉਡੀਕ ਨੇ ਨਵਦੀਪ ਦੇ ਮਨਸੂਬੇ ਨੂੰ ਮਨਸੂਬਾ ਦਿੱਤੀ। ਨਵਦੀਪ ਸਿੰਘ ਬਹੁਤ ਸ਼ਾਨਦਾਰ ਐਕਟਰ ਹੈ। ਬਾਕਾਇਦਾ ਸਿੱਖਿਆ ਹੈ। ਉਸਨੇ ਵੀਰ ਜਗਦੀਪ ਸਿੱਧੂ ਦੀਆਂ ਲੇਖ ਤੇ ਸ਼ੇਰ ਬੱਗਾ ਫਿਲਮਾਂ ਚ ਸਹਾਇਕ ਐਕਟਰ ਵਜੋਂ ਕੰਮ ਕੀਤਾ। ਹੁਣ ਉਹ ਸਾਡੀ ਮਨਸੂਬਾ ਚ ਬਤੌਰ ਹੀਰੋ ਹਾਜ਼ਿਰ ਹੋ ਰਿਹਾ ਹੈ। ਮਨਸੂਬਾ ਵਿੱਚ ਉਸਨੇ ਜੋ ਕਿਰਦਾਰ ਨਿਭਾਇਆ ਹੈ, ਉਸ ਕਿਰਦਾਰ ਦੇ ਕਈ ਰੰਗ ਨੇ। ਉਹ ਹਰ ਰੰਗ ਚ ਪੂਰਾ ਨਿੱਖਰ ਕੇ ਨਿੱਕਲਿਆ। ਦਰਸ਼ਕਾਂ ਨੂੰ ਸਬੂਤ 5 ਜਨਵਰੀ 2024 ਨੂੰ ਮਨਸੂਬਾ ਦੇਖ ਕੇ ਮਿਲ ਜਾਵੇਗਾ। ਝਲਕ ਟਰੇਲਰ ਵਿੱਚ ਵੇਖ ਹੀ ਲਈ ਹੋਵੇਗੀ। ਉਹ ਜਿੰਨਾ ਵੱਡਾ ਐਕਟਰ ਹੈ ਓਨਾ ਹੀ ਵੱਡਾ ਸਟਾਰ ਬਣੇਗਾ। ਅੱਜ ਉਸਨੂੰ ਫਾਲੋ ਕਰਨ ਵਾਲੇ ਤੇ ਜਾਨਣ ਵਾਲੇ ਘੱਟ ਨੇ ਪਰ ਆਉਣ ਵਾਲੇ ਦਿਨਾ ਚ ਡਾਂਗੋ ਵਾਲੇ ਨਵਦੀਪ ਸਿੰਘ ਨੂੰ ਹਰ ਪੰਜਾਬੀ ਪਹਿਚਾਣਦਾ ਹੋਵੇਗਾ। ਇਹ ਮੇਰਾ ਯਕੀਨ ਹੈ। ਤੁਸੀਂ ਸਾਥ ਦੇਣਾ ਜੀ। ਲਵ ਯੂ ਨਵਦੀਪ।



## ਸਿੱਖਾਂ ਦਾ ਦਾਨ; ਸਿੱਖਾਂ ਨੂੰ ਜਾਂ ਗੈਰ-ਸਿੱਖਾਂ ਨੂੰ?

ਵਰਲਡ ਪੰਜਾਬੀ ਟਾਈਮਜ਼ ਠਾਕੁਰ ਦਲੀਪ ਸਿੰਘ

"ਸਿੱਖਾਂ ਦਾ ਦਾਨ; ਸਿੱਖਾਂ ਨੂੰ ਹੋਣਾ ਚਾਹੀਦਾ ਹੈ" ਇਸ ਵਿਸ਼ੇ ਉੱਤੇ ਮੇਰੀਆਂ ਪੰਜ ਵੀਡੀਓ ਅਤੇ ਲੇਖਾਂ ਵਿੱਚ ਕੀਤੀ ਬੇਨਤੀ ਨਾਲ ਕੁਝ ਸਿੱਖ ਸਹਿਮਤ ਨਹੀਂ ਹਨ। "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਵਾਲੀ ਤੁਕ ਨੂੰ ਆਧਾਰ ਬਣਾ ਕੇ ਕੁਝ ਸੱਜਣ, ਮੇਰੀ ਇਸ ਪੰਥ-ਹਿਤੈਸ਼ੀ ਬੇਨਤੀ ਦਾ ਵਿਰੋਧ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ "ਮਾਨਸ ਕੀ ਜਾਤ" ਗੁਰੂ ਜੀ ਦੀ ਲਿਖੀ ਤੁਕ ਹੋਣ ਕਰਕੇ; ਗੈਰ-ਸਿੱਖਾਂ ਨੂੰ ਦਾਨ ਕਰਨਾ, ਕੋਈ ਗਲਤੀ ਨਹੀਂ। ਉਹਨਾਂ ਸੱਜਣਾਂ ਦੀਆਂ ਗੱਲਾਂ ਤੋਂ ਇਸ ਤਰ੍ਹਾਂ ਲੱਗਦਾ ਹੈ ਕਿ ਉਹਨਾਂ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਵਾਲਾ ਸਾਰਾ ਸ਼ਬਦ ਪੜ੍ਹਿਆ ਹੀ ਨਹੀਂ, ਤੱਤ ਤਾਂ ਸਮਝਣਾ ਹੀ ਕੀ ਸੀ; ਪਰ ਇਹ ਸੱਜਣ ਸਿਰ ਅੜਾਈ ਜ਼ਰੂਰ ਕਰਦੇ ਹਨ। ਗੁਰੂ ਜੀ ਦੇ ਲਿਖੇ ਇਸ ਸ਼ਬਦ ਵਿੱਚ ਦਾਨ ਕਰਨ ਬਾਰੇ ਸੰਕੇਤ-ਮਾਤਰ ਵੀ ਨਹੀਂ। ਇਸ ਪੂਰੇ ਸ਼ਬਦ ਵਿੱਚ ਅਤੇ ਪੂਰੀ 'ਅਕਾਲ ਉਸਤਤ' ਵਿੱਚ ਕਿਤੇ ਵੀ ਇਹ ਨਹੀਂ ਲਿਖਿਆ "ਸਿੱਖ ਅਤੇ ਗੈਰ-ਸਿੱਖ, ਏਕ ਸਮਾਨ ਪਹਿਚਾਨਬੋ ਜਾਂ ਸਿੱਖਾਂ ਨੂੰ ਛੱਡ ਕੇ ਗੈਰ-ਸਿੱਖਾਂ ਨੂੰ ਦਾਨ ਕਰਨਾ ਚਾਹੀਦਾ ਹੈ" । ਇਹ ਤੁਕਾਂ ਇਸ ਤਰ੍ਹਾਂ ਹਨ:-



ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥


ਇਸ ਸ਼ਬਦ ਵਿੱਚ ਤਾਂ ਮਨੁੱਖਾਂ ਦੀ ਵਿਵਿਧਤਾ ਦਾ ਵਰਣਨ ਕਰਕੇ, ਸਭ ਦੀ ਜਾਤ 'ਇੱਕ' ਹੀ ਮੰਨੀ ਗਈ ਹੈ। ਜੋ ਸੱਜਣ 'ਮਾਨਸ ਕੀ ਜਾਤ' ਵਾਲੀ ਤੁਕ ਨੂੰ ਆਧਾਰ ਬਣਾ ਕੇ, ਸਿੱਖਾਂ ਨੂੰ ਛੱਡ ਕੇ, ਗੈਰ-ਸਿੱਖਾਂ ਨੂੰ ਦਾਨ ਕਰਨਾ ਚਾਹੁੰਦੇ ਹਨ; ਉਹ ਸੱਜਣ ਵਿਚਾਰ ਕਰਨ: ਜਦੋਂ ਇਸ ਤੁਕ ਅਨੁਸਾਰ, ਸਾਰੇ ਮਨੁੱਖਾਂ ਦੀ ਜਾਤ ਇੱਕੋ ਹੀ ਹੈ; ਫਿਰ ਵੀ ਸਿੱਖਾਂ ਨੇ ਅਮਲੀ ਰੂਪ ਵਿੱਚ ਜਾਤ ਮੰਨਣੀ ਨਹੀਂ ਛੱਡੀ। ਪਰ ਗੁਰੂ ਜੀ ਦੀ ਲਿਖੀ ਤੁਕ ਦਾ ਅਰਥ ਸਮਝੇ ਤੋਂ ਬਿਨਾਂ ਹੀ, ਮੈਨੂੰ ਦੱਸਦੇ ਹਨ : "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ, ਗੁਰੂ ਜੀ ਨੇ ਲਿਖਿਆ ਹੈ, ਇਸ ਕਰਕੇ ਸਿੱਖਾਂ ਦਾ ਦਾਨ ਕਿਸੇ ਨੂੰ ਵੀ ਹੋ ਸਕਦਾ ਹੈ; ਕੇਵਲ ਸਿੱਖਾਂ ਨੂੰ ਕਰਨਾ ਜ਼ਰੂਰੀ ਨਹੀਂ" ।

ਸਿੱਖ ਵੀਰੋ, ਮੇਰੀ ਬੇਨਤੀ ਹੈ ਕਿ 'ਮਾਨਸ ਦੀ ਜਾਤ' ਵਾਲੀ ਤੁਕ ਪੜ੍ਹ ਕੇ, ਸਿੱਖਾਂ ਦਾ ਪੈਸਾ ਗੈਰ-ਸਿੱਖਾਂ ਨੂੰ ਦਾਨ ਨਾ ਕਰੋ। ਸਿੱਖ ਦਾ ਦਾਨ ਕੇਵਲ ਸਿੱਖਾਂ ਨੂੰ ਹੀ ਚਾਹੀਦਾ ਹੈ ਕਿਉਂਕਿ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੈ "ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ" (ਪਾ ੧੦)। ਭਾਵ: ਸਿੱਖਾਂ ਵੱਲੋਂ ਸਿੱਖਾਂ ਨੂੰ ਦਿੱਤਾ ਦਾਨ ਹੀ ਮੈਨੂੰ ਚੰਗਾ ਲੱਗਦਾ ਹੈ। ਕਿਸੇ ਹੋਰ ਨੂੰ ਦਿੱਤਾ ਦਾਨ, ਮੈਨੂੰ ਚੰਗਾ ਨਹੀਂ ਲੱਗਦਾ।

'ਮਾਨਸ ਕੀ ਜਾਤ' ਦਾ ਅਰਥ ਕਿਸੇ ਵੀ ਤਰ੍ਹਾਂ ਇਹ ਨਹੀਂ ਬਣਦਾ ਕਿ ਸਿੱਖਾਂ ਨੂੰ ਛੱਡ ਕੇ ਗੈਰ-ਸਿੱਖਾਂ ਨੂੰ ਦਾਨ ਕੀਤਾ ਜਾਵੇ। ਪਰੰਤੂ ਜੇ ਮੇਰਾ ਇਹ ਲੇਖ ਪੜ੍ਹ ਕੇ ਫਿਰ ਵੀ ਉਹਨਾਂ ਸੱਜਣਾਂ ਦਾ ਮਨ ਗੈਰ-ਸਿੱਖਾਂ ਨੂੰ ਦਾਨ ਕਰਨ ਵਾਸਤੇ ਬਣਦਾ ਹੈ ਤਾਂ ਮੈਨੂੰ ਬਾਣੀ ਵਿੱਚੋਂ ਕੋਈ ਤੁਕਾਂ ਲੱਭ ਕੇ ਦੱਸਣ, ਜਿਹਨਾਂ ਵਿੱਚ ਇਹ ਹੁਕਮ ਹੋਵੇ ਕਿ ਸਿੱਖਾਂ ਨੂੰ ਛੱਡ ਕੇ ਗੈਰ-ਸਿੱਖਾਂ ਨੂੰ ਦਾਨ ਕਰਨਾ ਚਾਹੀਦਾ ਹੈ; ਮੈਂ ਆਪਣੇ ਵਿਚਾਰ ਬਦਲਣ ਨੂੰ ਤਿਆਰ ਹਾਂ। ਜੇ ਕੋਈ ਤੁਕ ਨਹੀਂ ਦੱਸ ਸਕਦੇ ਤਾਂ ਉਹ ਮੇਰੇ ਵਿਚਾਰਾਂ ਨਾਲ ਸਹਿਮਤ ਹੋ ਜਾਣ ਅਤੇ ਸਿੱਖਾਂ ਦਾ ਦਾਨ ਕੇਵਲ ਸਿੱਖਾਂ ਨੂੰ ਹੀ ਕਰਨ ਕਿਉਂਕਿ, ਸਤਿਗੁਰੂ ਰਾਮਦਾਸ ਜੀ ਦਾ ਬਚਨ ਹੈ "ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੂੰ ਲੋਚੈ ਸੋ ਗੁਰ ਖੁਸੀ ਆਵੈ" । (ਪੰਨਾ 317)

## ਚੰਨ ਤਾਰੇ

ਵਰਲਡ ਪੰਜਾਬੀ ਟਾਈਮਜ਼ ਬਲਜਿੰਦਰ ਕੌਰ ਸ਼ੇਰਗਿੱਲ




ਗਈ ਮੈਂ ਬਜ਼ਾਰ,
ਆਪਣੀ ਸਹੇਲੀ ਦੇ ਨਾਲ,
ਇੱਕ ਦੂਜੀ ਲੱਗੀਆਂ,
ਆਪੋਂ ਆਪਣਾ ਸੁਣਾਉਣ ਹਾਲ,
ਨੇੜੇ ਆਇਆ ਇੱਕ ਭਾਈ,
ਕਹਿੰਦੇ ਲੈ ਲੋ ਜੀ ਚੰਨ ਤਾਰੇ ਹਰ ਹਾਲ |
ਮੈਂ ਆਖਿਆ, ਭਾਈ ਚੰਨ ਤਾਰੇ,
ਸਾਡਾ ਤਾਂ ਆਪਣਾ ਚੰਨ ਗੁਆਚਿਆ,
ਜੋ ਸਾਨੂੰ ਦਿਨੇ ਦਿਖਾਵੇ ਤਾਰੇ |
ਭਾਈ ਵੀ ਹੱਸਿਆ,
ਹੋਇਆ ਪਾਸੇ ਨਾਲ,
ਦੇਖਦਾ ਰਿਹਾ ਸਾਨੂੰ,
ਹੋਇਆ ਖੁਸ਼ੀ 'ਚ ਮਲਾਲ |